ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਕਮ ਕਾਰਜਕਾਰੀ ਮਜਿਸਟਰੇਟ ਜਲੰਧਰ।
OFFICE OF DEPUTY COMMISSIONER OF POLICE, CUM-EXECUTIVE MEGISTRATE JALANDHAR
Ph. 0181-2240431-32
95929-18509
Fax No. 0181-2452446
Email : cpjal@jalandharpolice.gov.in

# ਹੁਕਮ

ਮਾਨਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ, ਪ੍ਰੋਵੀਜ਼ਨਿੰਗ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਦੇ ਪੱਤਰ ਨੰਬਰ 149-189/R/ADGP/PROVISIONING ਮਿਤੀ 25.09.2020 ਰਾਹੀਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ (ਪੱਤਰ ਨੰਬਰ 20766-87 ਮਿਤੀ 18.09.2020 ਰਾਹੀਂ) ਝੋਨੇ ਦੀ ਕਟਾਈ ਲਈ ਕੰਬਾਈਨ ਮਾਲਕ/ਓਪਰੇਟਰ ਕੰਬਾਈਨ ਵਲੋਂ ਕੰਬਾਈਨਾਂ ਵਿਚ Super Straw Management System (Super SMS) ਲਗਾਉਣ ਦੀ ਹਦਾਇਤ ਹੋਈ ਹੈ ਅਤੇ **ਸ਼ਾਮ 07 ਵਜੇ** ਤੋਂ ਲੈ ਕੇ **ਸਵੇਰੇ 10 ਵਜੇ** ਤੱਕ ਕੰਬਾਈਨਾਂ ਨਾਲ ਝੋਨਾ ਕੱਟਣ 'ਤੇ ਪਾਬੰਦੀ ਦਾ ਵੀ ਹੁਕਮ ਹੋਇਆ ਹੈ।

ਇਸਤੋਂ ਇਲਾਵਾ **COVID ਮਾਹਾਂਮਾਰੀ** ਦੇ ਚਲਦਿਆਂ ਫਸਲ ਕੱਟਣ ਉਪਰੰਤ ਨਾੜ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਹਵਾ ਵਿਚ ਧੂਏਂ ਨਾਲ ਪ੍ਰਦੂਸ਼ਣ ਫੈਲਣ ਕਾਰਨ ਸਾਹ ਦੀਆਂ ਬਿਮਾਰੀਆਂ ਅਤੇ ਕਰੋਨਾ ਵਾਇਰਸ ਦੀ ਬਿਮਾਰੀ ਤੋਂ ਪੀੜਤ ਮਰੀਜ਼ ਨੂੰ ਸਾਹ ਲੈਣ ਵਿਚ ਆ ਰਹੀ ਪ੍ਰੇਸ਼ਾਨੀ ਦੇ ਮੱਦੇ-ਨਜ਼ਰ ਫਸਲ ਦੀ ਨਾੜ/ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਦਾ ਹੁਕਮ ਹੋਇਆ ਹੈ।

ਇਸ ਲਈ ਮੈ **ਬਲਕਾਰ ਸਿੰਘ**, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਜਲੰਧਰ ਜਾਬਤਾ ਫੋਜਦਾਰੀ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ, ਜਲੰਧਰ ਅਧੀਨ ਆਉਂਦੇ ਇਲਾਕੇ ਵਿਚ ਝੋਨੇ ਦੀ ਕਟਾਈ ਲਈ ਕੰਬਾਈਨ ਮਾਲਕਾਂ/ਕੰਬਾਈਨ ਓਪਰੇਟਰਾਂ ਵਲੋਂ ਕੰਬਾਈਨਾਂ ਵਿਚ Super Straw Management System **(Super SMS)** ਲਗਾਏ ਬਿਨ੍ਹਾਂ ਝੋਨੇ ਦੀ ਫਸਲ ਕੱਟਣ ਅਤੇ **ਸ਼ਾਮ 07 ਵਜੇ** ਤੋਂ ਲੈ ਕੇ **ਸਵੇਰੇ 10 ਵਜੇ** ਤੱਕ ਕੰਬਾਈਨਾਂ ਨਾਲ ਝੋਨੇ ਦੀ ਫਸਲ ਕੱਟਣ 'ਤੇ ਪਾਬੰਦੀ ਲਗਾਉਂਦਾ ਹਾਂ। ਇਹ ਹੁਕਮ ਵੀ ਜਾਰੀ ਕਰਦਾ ਹਾਂ ਕਿ ਫਸਲ ਦੀ ਨਾੜ/ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਈ ਜਾਵੇਗੀ।

ਮਾਮਲੇ ਦੀ ਤੱਤਪਰਤਾ ਅਤੇ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਦਾ ਹੈ ਕਿ ਇਹ ਹੁਕਮ ਜਿਲ੍ਹਾ ਲੋਕ ਸੰਪਰਕ ਅਫਸਰ ਜਲੰਧਰ ਦੀ ਗੱਡੀ ਰਾਹੀਂ ਪ੍ਰਚਾਰ ਕਰਵਾ ਕੇ ਦਫਤਰ ਕਮਿਸ਼ਨਰੇਟ ਪੁਲਿਸ ਜਲੰਧਰ, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ ਜਲੰਧਰ ਅਤੇ ਥਾਣਿਆ ਦੇ ਨੋਟਸ ਬੋਰਡ ਤੇ ਇਹ ਹੁਕਮ ਦੀ ਨਕਲ ਚਿਪਕਾ ਕੇ ਲਾਗੂ ਕੀਤਾ ਜਾਵੇਗਾ। ਇਸ ਹੁਕਮ ਬਾਰੇ ਜਿਲ੍ਹਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ ਪ੍ਰੈੱਸ/ ਰੇਡੀਓ ਰਾਹੀਂ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ ਇਹ ਹੁਕਮ ਮਿਤੀ **29-09-2020** ਤੋ **28-11-2020** ਤੱਕ ਲਾਗੂ ਰਹੇਗਾ।

ਇਹ ਹੁਕਮ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਹੇਠ ਮਿਤੀ **28.09.2020** ਨੂੰ ਜਾਰੀ ਕੀਤਾ ਗਿਆ।

Commissioner of Police Jalandhar

ਡਿਪਟੀ ਕਮਿਸ਼ਨਰ ਪੁਲਿਸ,
ਜਲੰਧਰ।

ਨੰਬਰ 3280-3330 ਸੀ.ਪੀ/ਜਲੰ/ਆਰਮਜ ਮਿਤੀ 28/9/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ।
2. ਪ੍ਰਮੁੱਖ ਸਕੱਤਰ ਖੁਰਾਕ ਸਿਵਲ ਸਪਲਾਈ ਅਤੇ ਖੱਪਤਕਾਰ ਮਾਮਲੇ ਪੰਜਾਬ ਚੰਡੀਗੜ।
3. ਗ੍ਰਹਿ ਸੱਕਤਰ ਪੰਜਾਬ ਸਰਕਾਰ,ਚੰਡੀਗੜ।
4. ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ, ਪੰਜਾਬ ਚੰਡੀਗੜ।
5. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ।
6. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਲਾਅ ਅਤੇ ਆਰਡਰ) ਪੰਜਾਬ, ਚੰਡੀਗੜ।
7. ਵਧੀਕ ਡਾਇਰੈਕਟਰ ਜਨਰਲ ਪੁਲਿਸ, (ਪ੍ਰੋਵੀਜ਼ਨਿੰਗ) ਪੰਜਾਬ, ਚੰਡੀਗੜ।
8. ਜਿਲ੍ਹਾ ਅਤੇ ਸ਼ੈਸ਼ਨ ਜੱਜ,ਜਲੰਧਰ।
9. ਡਿਪਟੀ ਕਮਿਸ਼ਨਰ, ਜਲੰਧਰ।
10. ਕਮਿਸ਼ਨਰ ਮੰਡਲ ਜਲੰਧਰ।
11. ਜਿਲ੍ਹਾ ਕੰਟਰੋਲ ਖੁਰਾਕ ਸਿਵਲ ਸਪਲਾਈ ਅਤੇ ਖੱਪਤਕਾਰ ਮਾਮਲੇ, ਜਲੰਧਰ।
12. ਮੁੱਖ ਖੇਤੀਬਾੜੀ ਅਫਸਰ, ਜਲੰਧਰ।
13. ਜਿਲ੍ਹਾ ਲੋਕ ਸੰਪਰਕ ਅਫਸਰ,ਜਲੰਧਰ।
14. ਸਮੂਹ ਹਲਕਾ ਨਿਗਰਾਨ ਅਫਸਰ ਅਤੇ ਸਮੂਹ ਮੁੱਖ ਅਫਸਰ ਥਾਣਾਜ਼ਾਤ ਕਮਿਸ਼ਨਰੇਟ, ਜਲੰਧਰ।
15. ਇੰਚਾਰਜ ਕੰਪਿਊਟਰ ਬਰਾਂਚ, ਕਮਿਸ਼ਨਰੇਟ ਜਲੰਧਰ ਨੂੰ ਵੈਬਸਾਈਟ ਨੂੰ ਅੱਪਡੇਟ ਕਰਨ ਲਈ।
16. ਇੰਚਾਰਜ ਸਕਿਊਰਿਟੀ ਬਰਾਂਚ, ਇੰਚਾਰਜ ਕੰਟਰੋਲ ਰੂਮ, ਇੰਚਾਰਜ ਪੀ.ਸੀ.ਆਰ. ਕਮਿਸ਼ਨਰੇਟ ਜਲੰਧਰ।
17. ਮੁੱਖ ਕਲਰਕ, ਕਮਿਸ਼ਨਰੇਟ ਜਲੰਧਰ।